# ਝਾਕੀਆਂ

ਇਕਾਂਗੀ ਡਰਾਮੇ

ਗਿਆਨੀ ਮੰਨਾ ਸਿੰਘ

G.790

ਨੰ: ੪

ਮੁਲ ।)

75654

ਨਵੀਨ ਸਾਹਿਤ੍ਯ

ਲਾਹੌਰ

# ਨਵੀਨ ਸਾਹਿਤਯ ਸੀਰੀਜ਼

੧੪ ਕਿਤਾਬਾਂ--੧੦੦੦ ਸਫ਼ੇ--ਮੁਲ ੩।)

ਸੀਰੀਜ਼ ਨੰ: ੧–ਜੀਵਨ ਜਾਚ

ਸੀਰੀਜ਼ ਨੰ: ੨–ਕਿਰਨਾਂ–ਅਠ ਨਵੀਨ ਕਹਾਣੀਆਂ

ਸੀਰੀਜ਼ ਨੰ: ੩–ਚੁਣਵਾਂ ਸਾਹਿਤ (ਉਘੇ ਲਿਖਾਰੀਆਂ ਦੇ ਲੇਖ)

ਸੀਰੀਜ਼ ਨੰ: ੪–ਝਾਕੀਆਂ–ਇਕ ਅੰਗੀ ਡਰਾਮੇ

ਸੀਰੀਜ਼ ਨੰ: ੫–ਉਮਰ ਖ਼ਿਆਮ (ਜੀਵਨ ਤੇ ਰੁਬਾਈਆਂ)

ਸੀਰੀਜ਼ ਨੰ: ੬–ਕਲੀਆਂ (ਨਵੀਨ ਲਿਖਾਰੀਆਂ ਦੇ ਨਵੀਨ ਗੀਤ)

ਸੀਰੀਜ਼ ਨੰ: ੭–ਸਾਡੀ ਦੁਨੀਆਂ ਦੀ ਕਹਾਣੀ

ਸੀਰੀਜ਼ ਨੰ: ੮–ਚਾਰ ਜੀਵਨ (ਲਿੰਕਲ, ਨਪੋਲੀਅਨ, ਲੈਨਿਨ, ਕਮਾਲ)

ਸੀਰੀਜ਼ ਨੰ: ੯–ਜੀਵਨ (ਇਕ ਨਾਵਲ)

ਸੀਰੀਜ਼ ਨੰ: ੧੦–ਗੁਰੂ ਗ੍ਰੰਥ ਸਾਹਿਬ ਦੀ ਸਾਹਿਤਯਕ ਵਿਸ਼ੇਸ਼ਤਾ

ਸੀਰੀਜ਼ ਨੰ: ੧੧–ਬੰਦੇ ਦੀਆਂ ਕਰਾਮਾਤਾਂ (ਸਾਇੰਸ ਦੇ ਕੰਮ)

ਸੀਰੀਜ਼ ਨੰ: ੧੨–ਸਲੂਣੇ (ਹਸਾਉਣੇ ਲੇਖ)

ਸੀਰੀਜ਼ ਨੰ: ੧੩–ਦੇਸ਼ ਤੇ ਦੇਸ਼ਾਂ ਦੇ ਵਾਸੀ

ਸੀਰੀਜ਼ ਨੰ: ੧੪-ਪੰਜਾਬ (ਇਤਿਹਾਸ ਤੇ ਰਾਜਨੀਤੀ)

ਸਭ ਦੁਕਾਨ ਦਾਰਾਂ ਕੋਲੋਂ ਮੰਗ ਕਰੋ ਜਾਂ ਇਸ ਪਤੇ ਤੇ ਲਿਖੋ:–

**ਨਵੀਨ ਸਾਹਿਤਯ,** ਅੰਮ੍ਰਤ ਪਾਰਕ **ਲਾਹੌਰ**

# ਨਵੇਂ-ਜ਼ਮਾਨੇ

## ਪਾਤਰ

ਨਿਰੰਜਨ — ਆਨੰਦ ਭੂਸ਼ਨ

ਊਸ਼ਾ

ਸੁਮਿਤਰਾ — ਨੌਕਰ

ਭਗਵਾਨ ਦਈ

ਇਕ ਚੰਗੇ, ਖਾਂਦੇ-ਪੀਂਦੇ ਘਰ ਦਾ ਡਾਈਨਿੰਗ ਰੂਮ (ਖਾਂਣ-ਕਮਰਾ) ਵਿਚਕਾਰ ਮੇਜ਼ ਉਤੇ ਚਿਟੀ ਚਾਦਰ ਵਿੱਛੀ ਹੈ, ਜਿਦ੍ਹੇ ਆਸ ਪਾਸ ਪੰਜ ਛੇ ਕੁਰਸੀਆਂ ਪਈਆਂ ਹਨ। ਚਵ੍ਹਾਂ ਪਾਸੇ ਕੰਧਾ ਤੇ ਕਾਗਜ਼ ਕਟ ਕੇ ਬਨਾਏ ਹੋਏ ਕਿਤ੍ਹੇ ਲਗੇ ਹਨ 'ਖਾਣਾ ਚਬਾਕੇ ਖਾਓ' 'ਲੋੜ ਤੋਂ ਥੋੜਾ ਘਟ ਖਾਓ' 'ਜ਼ਿੰਦਗੀ ਲਈ ਖਾਓ' ਆਦਿ। ਇਕ ਨੁੱਕਰੇ ਛੋਟੀ ਜੇਹੀ ਅਲਮਾਰੀ ਪਈ ਹੈ, ਜਿਦ੍ਹੇ ਵਿਚ ਬਰਤਨ ਪਏ ਮਲੂਮ ਹੁੰਦੇ ਹਨ–ਅੰਗੀਠੀ ਉਤੇ ਜਿਹੜੀ ਅੰਦਰ ਆਵਨ ਵਾਲੇ ਦਰਵਾਜ਼ੇ ਦੇ ਸਾਹਮਣੇ

ਹੈ, ਸਫ਼ੈਦ ਕਪੜਾ ਪਿਆ ਹੈ, ਜਿਸ ਦੇ ਸਾਹਮਨੇ ਹਿਸੇ ਉਤੇ 'ਆਓ ਸਾਜਨ !—ਜੀਆਇਆਂ !' ਉਨਿਆ ਹੋਇਆ ਹੈ ।

ਵੇਲਾ ਨੌਂ ਕੁ ਵਜੇ ਸਵੇਰ ਦਾ ਹੈ

ਦੋ ਇਸਤਰੀਆਂ ਅੰਦਰ ਆਉਂਦੀਆਂ ਦਿਸਦੀਆਂ ਹਨ । ਅਗੇ ਭਗਵਾਨ ਦਈ ਉਮਰ ਅਠਤਾਲੀ ਕੁ ਸਾਲ, ਸੂਫ਼ਿਆਨਾਂ ਸਾਦਾ ਸਾੜ੍ਹੀ ਬੰਨ੍ਹੀ ਹੋਈ ਤੇ ਪਿਛਲੀ ਦੀ ਪੈਂਤੀ ਕੁ ਸਾਲ, ਅਧ ਲੰਘੀ ਜਵਾਨੀ, ਪਰ ਫੈਸ਼ਨੇਬਲ )

ਭ: ਦ:—(ਦਰਵਾਜ਼ਿਓਂ ਅੰਦਰ ਲੰਘ ਕੇ ਰੁਕਦੀ ਹੋਈ) ਫਿਰ, ਕੀ ਖ਼ਿਆਲ ਏ ਤੇਰਾ ਸੁਮਿਤਰਾ ?

ਸੁਮਿਤਰਾ—(ਸਿਰ ਹਿਲਾ ਕੇ) ਖ਼ਿਆਲ ? (ਹਸਕੇ) ਮੁੰਡਾ ਕੁੜੀ ਰਾਜ਼ੀ ਤੇ ਕੀ ਕਰੇਗਾ ਕਾਜ਼ੀ ?

ਭ: ਦ:—ਨਾਂ ਅੜੀਏ ! ਦਸ ਸਿਧੀ ਤਰ੍ਹਾਂ ।

ਸੁਮਿਤਰਾ—ਕੀ ਦਸਾਂ ਭੂਆ ਜੀ ! ਮੈਨੂੰ ਤੇ ਚੰਨ-ਚਕੋਰ ਦੀ ਜੋੜੀ ਲਗਦੀ ਏ ।

ਭ: ਦ:—ਤੇ ਗਰ-ਘਾਟ !

ਸੁਮਿਤਰਾ—ਅਜ-ਕਲ ਕੌਣ ਪਿਆ ਤਕਦਾ, ਪੁਛਦਾ ਏ ਘਰ ਘਾਟ ? ਮੁੰਡਾ ਹੋਨਹਾਰ ਹੋਵੇ, ਸੋ ਓਹ ਹੈ ਈ । ਬੀ. ਏ. ਪਾਸ ਏ । ਐਮ. ਏ. ਦਾ ਐਤਕੀ ਇਮਤਿਹਾਨ ਦੇਣਾ ਸੂ । ਵੇਖਨ-ਪਰਖਨ ਵਿਚ ਚੰਗਾ, ਮੂਹ-ਚਿਤ ਲਗਨ ਵਾਲਾ, ਸਿਆਣਾ ਤੇ ਹੁਸ਼ਿਆਰ ।

ਭ: ਦ:—ਪਰ...............

ਸੁਮਿਤਰਾ—(ਗਲ ਟੋਕ ਕੇ) ਪਰ ਕੀ ? ਲਾਇਕ ਮੁੰਡਿਆਂ ਨੂੰ ਰਿਜ਼ਕ



ਦਾ ਘਾਟਾ ਏ ? ਅਕਸਰ ਕਮਾ ਕੇ ਈ ਧਨ-ਜਾਇਦਾਤਾਂ ਜੁੜਦੀਆਂ ਬਣਦੀਆਂ ਨੇ ।

ਭ: ਦ:—ਪਰ ਸੁਮਿਤਰਾ ! ਚੰਨਾਂ ! ਕੁਝ ਨਾਂ ਕੁਝ ਤੇ ਵੇਖੀਦਾ ਈ ਏ ਨਾ ।

ਸੁਮਿਤਰਾ—ਅਜ ਕਲ ਬਸ ਮੁੰਡੇ ਈ ਵੇਖੀਦੇ ਨੇ ਤੇ ਓਹ ਵੀ ਕੁੜੀਆਂ ਆਪੇ ਵੇਖ ਲੈਂਦੀਆਂ ਨੇ । ਉਸ਼ਾ ਕੋਈ ਅੰਜਾਣੀ ਤੇ ਨਹੀਂ ਨਾਂ, ਕਾਲਜ ਵਿਚ ਪੜ੍ਹਦੀ ਏ । (ਸ਼ਰਾਰਤ ਨਾਲ) ਨਿਹੁੰ ਐਵੇਂ ਥੋੜੇ ਲਗਦੇ ਨੇ, ਵੇਖੇ-ਪਰਖੇ ਬਿਨਾਂ ?

ਭ: ਦ:—(ਝੇਪ ਕੇ) ਛਡ ਪਰ੍ਹਾਂ ! ਤੈਨੂੰ ਕੀ ਪਤਾ ਏ ?

ਸੁਮਿਤਰਾ-ਨਹੀਂ, ਕੁਝ ਵੀ ਪਤਾ ਨਹੀਂ । ਅਜੇ ਤੇ ਪਰਸੋਂ ਸ਼ਾਮ ਨੂੰ ਮੈਂ ਨਹਿਰ ਦੇ ਕੰਢੇ ਤੇ ਦੋਹਾਂ ਨੂੰ ਫਿਰਦਿਆਂ ਤਕਿਆਂ ਸੀ, ਮੈਂ ਸ਼ਾਮੋਂ ਨਾਲ ਸੈਰ ਨੂੰ ਗਈ ਸਾਂ ।

ਭ: ਦ:—(ਮੁਸਕਰਾਕੇ) ਬੜੀ ਝੂਠੀ ਏ । ਮੈਨੂੰ ਆਖ ਗਈ ਸੀ, ਸਾਡੇ ਕਾਲਜ ਵਿਚ ਖੇਲ, ਡਰਾਮਾ ਜਾਂ ਪਤਾ ਨਹੀਂ ਕੀ ਏ ।

ਸੁਮਿਤਰਾ—ਮੇਰੇ ਘਰ ਤੇ ਦੋਵੇਂ ਚਾਹ ਵੀ ਪੀ ਆਏ ਨੇਂ ।

ਭ: ਦ:—ਕਦੋਂ ?

ਸੁਮਿਤਰਾ—ਕਈ ਦਿਨ ਹੋ ਗਏ ਨੇਂ । ਤਦ ਈ ਤੇ ਮੈਂ ਤੁਹਾਨੂੰ ਆ ਕੇ ਆਖਿਆ ਸੀ । ਓਨ੍ਹਾਂ ਹੀ ਤੇ ਮੈਨੂੰ ਇਹ ਕੰਮ ਸਪੁਰਦ ਕੀਤਾ ਹੋਇਆ ਏ ।

ਭ: ਦ:—ਤੂੰ ਬੜੀ ਉਸਤਾਦ ਏਂ । ਕਿਡੇ ਵਲ-ਫਰੇਬ ਨਾਲ ਆਕੇ ਗਲ ਕੀਤੀ ਸਈ ।

ਸੁਮਿਤਰਾ—ਫਿਰ ਕੀ ਕਰਦੀ ? ਭੈਣ ਦਾ ਪੱਖ ਤੇ ਕਰਨਾ ਈ ਸੀ ਨਾਂ ?

ਭ: ਦ:—ਪਰ ਸੁਮਿਤਰਾ ! ਉਦ ਮੈਨੂੰ ਇਜੇਹੀਆਂ ਹੋਛੀਆਂ ਗੱਲਾਂ ਚੰਗੀਆਂ ਨਹੀਂ ਲਗਦੀਆਂ । ਜੋ ਕੁਝ ਮਾਪੇ ਤਕ ਜਾਣ ਸਕਦੇ ਨੇ ਓਹ ਮਾਪੇ ਈ ਕਰ ਸਕਦੇ ਨੇਂ । ਰੌਲਾ ਤੇ ਪੈ ਗਿਆ ਏ ਅਜ ਕਲ

# TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.